253
07/06/2020

Sr. Xen/IT-3.

Mohit to upload

pstcl
PUNJAB STATE TRANSMISSION CORPORATION LIMITED


**ਪੰਜਾਬ ਸਟੇਟ ਟਰਾਂਸਮਿਸ਼ਨ ਕਾਰਪੋਰੇਸ਼ਨ ਲਿਮਟਿਡ**

(ਰਜਿ:ਦਫ਼ਤਰ:ਪੀ.ਐਸ.ਈ.ਬੀ.,ਹੈਡ ਆਫਿਸ, ਦੀ ਮਾਲ,ਪਟਿਆਲਾ-147001,ਪੰਜਾਬ,ਭਾਰਤ)

ਕਾਰਪੋਰੇਟ ਆਈ.ਡੀ.ਨੰ:**U40109PB2010SGC033814**

ਦਫ਼ਤਰ: ਨਿਗਰਾਨ ਇੰਜੀਨੀਅਰ/ਐਚ.ਆਰ ਤੇ ਪ੍ਰਬੰਧਕੀ,(ਅਮਲਾ ਭਾਗ),

ਸ਼ਕਤੀ ਸਦਨ ਪਟਿਆਲਾ, ਵੈਬ ਸਾਈਟ: dysecy-estb@pstcl.org


ਵੱਲ

*ਅਤਿ ਜ਼ਰੂਰੀ*

1. ਮੁੱਖ ਇੰਜ:/ਟੀ.ਐਸ., ਪੀ.ਐਸ.ਟੀ.ਸੀ.ਐਲ.,ਪਟਿਆਲਾ।
2. ਮੁੱਖ ਇੰਜ:/ਐਸ.ਐਲ.ਡੀ.ਸੀ., ਪੀ.ਐਸ.ਟੀ.ਸੀ.ਐਲ.,ਪਟਿਆਲਾ।
3. ਮੁੱਖ ਇੰਜ:/ਪੀ ਤੇ ਐਮ, ਪੀ.ਐਸ.ਟੀ.ਸੀ.ਐਲ.,ਲੁਧਿਆਣਾ।
4. ਮੁੱਖ ਵਿੱਤੀ ਅਫ਼ਸਰ, ਪੀ.ਐਸ.ਟੀ.ਸੀ.ਐਲ.,ਪਟਿਆਲਾ।
5. ਮੁੱਖ ਲੇਖਾ ਅਫਸਰ (ਲੇਖਾ ਅਤੇ ਪੜਤਾਲ), ਪੀ.ਐਸ.ਟੀ.ਸੀ.ਐਲ.,ਪਟਿਆਲਾ।
6. ਉਪ ਮੁੱਖ ਇੰਜ:/ਟੈਕਨੀਕਲ ਆਡਿਟ, ਪੀ.ਐਸ.ਟੀ.ਸੀ.ਐਲ.,ਪਟਿਆਲਾ।
7. ਨਿਗਰਾਨ ਇੰਜ:/ਆਈ. ਟੀ, ਪੀ.ਐਸ.ਟੀ.ਸੀ.ਐਲ.,ਪਟਿਆਲਾ।
8. ਨਿਗਰਾਨ ਇੰਜ/ਸਟੋਰ ਤੇ ਡਿਸਪੋਜ਼ਲ, ਪੀ.ਐਸ.ਟੀ.ਸੀ.ਐਲ.,ਪਟਿਆਲਾ।
9. ਕੰਪਨੀ ਸਕੱਤਰ, ਪੀ.ਐਸ.ਟੀ.ਸੀ.ਐਲ.,ਪਟਿਆਲਾ।
10. ਸੀ:ਕਾ:ਕਾ:ਇੰਜ:/ਪ੍ਰਸੋਨਲ, ਪੀ.ਐਸ.ਟੀ.ਸੀ.ਐਲ.,ਪਟਿਆਲਾ।
11. ਵਧੀਕ ਨਿਗ:ਇੰਜ:/ਟ੍ਰੇਨਿੰਗ, ਪੀ.ਐਸ.ਟੀ.ਸੀ.ਐਲ.,ਪਟਿਆਲਾ।
12. ਸੀ:ਕਾ:ਕਾ:ਇੰਜ:/ਐਡਮਿਨ, ਪੀ.ਐਸ.ਟੀ.ਸੀ.ਐਲ.,ਪਟਿਆਲਾ।
13. ਅਧੀਨ ਸਕੱਤਰ/ਭਰਤੀ ਭਾਗ, ਪੀ.ਐਸ.ਟੀ.ਸੀ.ਐਲ.,ਪਟਿਆਲਾ।

ਮੀਮੋ ਨੰ: /ਮਿਸ-20

ਮਿਤੀ:

ਵਿਸ਼ਾ: **ਸਾਲ 2019-20 ਦੀਆਂ ਚੱਲ/ਅਚੱਲ ਸੰਪਤੀ ਸਾਰਣੀਆਂ ਭੇਜਣ ਸਬੰਧੀ।**

ਵਿਸ਼ੇ ਸੂਚਿਤ ਕੀਤਾ ਜਾਂਦਾ ਹੈ ਕਿ ਪੀ.ਐਸ.ਟੀ.ਸੀ.ਐਲ ਦੇ ਸਾਰੇ ਅਧਿਕਾਰੀਆਂ/ਕਰਮਚਾਰੀਆਂ (ਗਰੁੱਪ-ਬੀ) ਅਤੇ ਅਧਿਕਾਰੀਆਂ (ਗਰੁੱਪ-ਏ) ਵਲੋਂ ਸਾਲ 2019-20 ਦੀ ਚੱਲ/ਅਚੱਲ ਸੰਪਤੀ ਸਾਰਣੀ ਹੇਠ ਅਨੁਸਾਰ ਭਰਕੇ ਭੇਜਣਾ ਯਕੀਨੀ ਬਣਾਇਆ ਜਾਵੇ ਜੀ।

1. ਜਿਹੜੇ ਅਧਿਕਾਰੀ ਸਾਲ 2019-20 ਵਿਚ ਗਜਟਿਡ ਅਹੁਦੇ ਤੇ ਤੈਨਾਤ ਹੋਏ ਹਨ, ਉਹਨਾਂ ਵਲੋ ਪੀ.ਐਸ.ਟੀ.ਸੀ.ਐਲ ਵਲੋ ਜਾਰੀ ਹਦਾਇਤਾਂ ਅਨੁਸਾਰ ਚੱਲ ਅਤੇ ਅਚੱਲ ਦੋਵੇਂ ਹੀ ਸੰਪਤੀ ਸਾਰਣੀਆਂ ਭੇਜਣੀਆਂ ਲਾਜਮੀ ਹਨ।
2. ਬਾਕੀ ਅਧਿਕਾਰੀਆਂ ਵਲੋ ਜੇਕਰ ਕਿਸੇ ਅਧਿਕਾਰੀਆਂ ਦੀ ਚੱਲ ਸੰਪਤੀ ਸਾਰਣੀ ਵਿਚ ਕੋਈ ਤਬਦੀਲੀ ਨਹੀਂ ਹੈ ਤਾਂ ਸਿਰਫ ਅਚੱਲ ਸੰਪਤੀ ਸਾਰਣੀ (ਫਾਰਮ-ਏ) ਹੀ ਭਰੀ ਜਾਵੇਗੀ।
3. ਗਰੁੱਪ-ਬੀ ਦੇ ਅਧਿਕਾਰੀਆਂ/ਕਰਮਚਾਰੀਆਂ ਵਲੋ ਚੱਲ ਅਤੇ ਅਚੱਲ ਦੋਵੇਂ ਹੀ ਸੰਪਤੀ ਸਾਰਣੀਆਂ ਭੇਜਣੀਆਂ ਲਾਜਮੀ ਹਨ।

ਉਪਰੋਕਤ ਅਨੁਸਾਰ ਸੰਪਤੀ ਸਾਰਣੀ ਭਰ ਕੇ ਮੂਲ ਰੂਪ ਵਿਚ ਉਪ ਮੁੱਖ ਇੰਜ:/ਐਚ.ਆਰ ਅਤੇ ਪ੍ਰਬੰਧਕੀ, ਪੀ.ਐਸ.ਟੀ.ਸੀ.ਐਲ, ਪਟਿਆਲਾ ਨੂੰ ਭੇਜਦੇ ਹੋਏ, ਉਸਦੀ ਫੋਟੋ ਕਾਪੀ ਗੁਪਤ ਯੋਗਤਾ ਰਿਪੋਰਟ ਦੇ ਪ੍ਰਫਾਰਮੇ ਨਾਲ ਨੱਥੀ ਕੀਤੀ ਜਾਵੇ।

ਰਿਪੋਰਟਿੰਗ ਅਧਿਕਾਰੀ ਵਲੋ ਵੀ ਅਧਿਕਾਰੀ ਦੀ ਗੁਪਤ ਯੋਗਤਾ ਰਿਪੋਰਟ ਨਾਲ ਸੰਪਤੀ ਸਾਰਣੀ ਦੀ ਕਾਪੀ ਨੱਥੀ ਕਰਨੀ ਯਕੀਨੀ ਬਣਾਇਆ ਜਾਵੇ। ਪੜਤਾਲੀਆ ਅਧਿਕਾਰੀ ਵਲੋ ਗੁਪਤ ਯੋਗਤਾ ਰਿਪੋਰਟ ਤਾਂ ਹੀ ਸਵੀਕਾਰ ਕੀਤੀ ਜਾਵੇ ਜੇਕਰ ਉਸ ਨਾਲ ਸੰਪਤੀ ਸਾਰਣੀ ਦੀ ਕਾਪੀ ਨੱਥੀ ਕੀਤੀ ਗਈ ਹੋਵੇ। ਇਸ ਤੋ ਇਲਾਵਾ ਵਿਭਾਗਾਂ ਦੇ ਮੁੱਖੀਆਂ ਦੁਆਰਾ ਗੁਪਤ ਯੋਗਤਾ ਰਿਪੋਰਟਾਂ ਅਤੇ ਸੰਪਤੀ ਸਾਰਣੀਆਂ ਸਬੰਧੀ **Consolidate Completion Certificate** ਉਪ ਮੁੱਖ ਇੰਜ:/ਐਚ.ਆਰ ਅਤੇ ਪ੍ਰਬੰਧਕੀ, ਪੀ.ਐਸ.ਟੀ.ਸੀ.ਐਲ, ਪਟਿਆਲਾ ਨੂੰ ਭੇਜਣਾ ਵੀ ਸੁਨਿਸਚਿਤ ਕੀਤਾ ਜਾਵੇ। ਜੇਕਰ ਸੰਪਤੀ ਸਾਰਣੀ ਦੀ ਕਾਪੀ ਗੁਪਤ ਯੋਗਤਾ ਰਿਪੋਰਟ ਦੇ ਨਾਲ ਨੱਥੀ ਹੋਵੇਗੀ ਤਾਂ ਹੀ ਅਧਿਕਾਰੀ ਦੀ ਗੁਪਤ ਯੋਗਤਾ ਰਿਪੋਰਟ ਨੂੰ ਦਫ਼ਤਰ ਵਲੋ ਸਵੀਕਾਰ ਕੀਤਾ ਜਾਵੇਗਾ।

*ਚਲਦਾ ਪੰਨਾ-2.....*

ਇਸ ਤੋ ਇਲਾਵਾ ਜਿਆਦਾਤਰ ਅਧਿਕਾਰੀਆਂ/ਕਰਚਾਰੀਆਂ ਵਲੋ ਆਪਣੀ ਸੰਪਤੀ ਸਾਰਣੀ ਭੇਜਣ ਸਮੇਂ ਇਹ ਲਿਖਿਆ ਜਾਂਦਾ ਹੈ ਕਿ:

*ਪਿਛਲੇ ਸਾਲ ਅਨੁਸਾਰ ਹੀ ਸਮਝੀ ਜਾਵੇ। ਜਾਂ*
*ਪਿਛਲੀ ਸਾਰਣੀ ਵਿਚ ਕੋਈ ਤਬਦੀਲੀ ਨਹੀ ਹੈ। ਜਾਂ*
*ਪਿਛਲੇ ਸਾਲ ਦੀ ਸੰਪਤੀ ਸਾਰਣੀ ਵਿਚ ਕੋਈ ਵਾਧਾ ਘਾਟਾ ਨਹੀ ਹੈ। ਜਾਂ*
*ਅਧਿਕਾਰੀ ਵਲੋਂ ਸੰਪਤੀ ਸਾਰਣੀ ਦਾ ਪ੍ਰਫਾਰਮਾ ਭਰਨ ਦੀ ਬਜਾਏ ਪੱਤਰ ਰਾਹੀ ਸੂਚਿਤ ਕੀਤਾ ਜਾਂਦਾ ਹੈ।*

ਅਜਿਹਾ ਕਰਨ ਨਾਲ ਅਧਿਕਾਰੀਆਂ/ਕਰਮਚਾਰੀਆਂ ਦੀਆਂ ਸੰਪਤੀ ਸਾਰਣੀਆਂ ਪੰਜਾਬ ਸਰਕਾਰ ਦੀ ਵੈਬਸਾਈਟ ਤੇ ਅਪਲੋਡ ਕਰਵਾਉਣ ਸਮੇਂ ਬਹੁਤ ਮੁਸ਼ਕਲਾਂ ਪੇਸ਼ ਆ ਰਹੀਆਂ ਹਨ। ਇਸ ਲਈ ਅਧਿਕਾਰੀਆਂ/ਕਰਮਚਾਰੀਆਂ ਵਲੋ ਆਪਣੀ ਸੰਪਤੀ ਸਾਰਣੀ ਪੂਰੇ ਵੇਰਵਿਆਂ ਨਾਲ ਨਿਰਧਾਰਿਤ ਪ੍ਰਫਾਰਮੇ ਤੇ ਭਰੀ ਜਾਵੇ ਤਾਂ ਜ਼ੋ ਇਸ ਨੂੰ ਪੰਜਾਬ ਸਰਕਾਰ ਦੀ ਵੈਬਸਾਈਟ ਤੇ ਅਪਲੋਡ ਕਰਵਾਇਆ ਜਾ ਸਕੇ।

ਇਸ ਤੋ ਇਲਾਵਾ ਇਹ ਆਮ ਦੇਖਣ ਵਿਚ ਆਉਂਦਾ ਹੈ ਕਿ ਜਿਆਦਾਤਰ ਅਧਿਕਾਰੀ ਪ੍ਰਫਾਰਮੇ ਦੇ ਸੇਵਾ ਵੇਰਵਿਆਂ ਸਬੰਧੀ ਪੂਰੇ ਕਾਲਮ ਨਹੀ ਭਰਦੇ। ਇਸ ਲਈ ਅੱਗੇ ਤੋ ਆਪਣਾ ਨਾਮ, ਪਿਤਾ ਦਾ ਨਾਂ, ਜਨਮ ਮਿਤੀ, ਕੋਡ ਨੰ:, ਬੋਰਡ/ਕਾਰਪੋਰੇਸ਼ਨ ਵਿਚ ਹਾਜਰ ਹੋਣ ਦੀ ਮਿਤੀ, ਗਜਟਿਡ ਅਹੁਦੇ ਤੇ ਹਾਜਰ ਹੋਣ ਦੀ ਮਿਤੀ, ਮੋਬਾਇਲ ਨੰ: ਅਤੇ ਦਫ਼ਤਰ ਦਾ ਪਤਾ ਸਪਸ਼ਟ ਰੂਪ ਵਿਚ ਭਰਿਆ ਜਾਵੇ ਜੀ ਤਾਂ ਜ਼ੋ ਸੰਪਤੀ ਸਾਰਨੀ ਸਬੰਧੀ ਪੱਤਰ ਵਿਵਹਾਰ ਕਰਨ ਸਮੇਂ ਕੋਈ ਮੁਸ਼ਕਿਲ ਪੇਸ਼ ਨਾ ਆਵੇ ਜੀ।

ਕਈ ਵਾਰੀ ਇਹ ਵੀ ਦੇਖਣ ਵਿਚ ਆਉਂਦਾ ਹੈ ਕਿ ਅਧਿਕਾਰੀ ਦੁਆਰਾ ਪੰਜਾਬ ਰਾਜ ਬਿਜਲੀ ਬੋਰਡ (ਹੁਣ ਪੰ:ਰਾ:ਪਾ:ਕਾ:ਲਿ:) ਵਲੋਂ ਨਿਰਧਾਰਿਤ ਪ੍ਰਫਾਰਮੇ ਦੀ ਬਜਾਏ, ਉਸ ਵਲੋ ਆਪਣੇ ਅਨੁਸਾਰ ਹੀ ਕਾਲਮ ਬਣਾ ਕੇ ਸੰਪਤੀ ਸਾਰਣੀ ਭੇਜੀ ਜਾਂਦੀ ਹੈ। ਇਸ ਲਈ ਪੰਜਾਬ ਰਾਜ ਬਿਜਲੀ ਬੋਰਡ (ਹੁਣ ਪੰ:ਰਾ:ਟਾ:ਕਾ:ਲਿ:) ਦੁਆਰਾ ਨਿਰਧਾਰਿਤ ਪ੍ਰਫਾਰਮੇ ਜੋ ਕਿ ਪੰ:ਰਾ:ਟਾ:ਕਾ:ਲਿ: ਦੀ ਵੈਬਸਾਈਟ ਤੇ ਇੰਨਫਰਮੇਸ਼ਨ (Information) ਵਿਚ ਡਾਊਨਲੋਡ (Download) ਦੇ ਸੀਰੀਅਲ ਨੰ: ੮ (Sr No. 8) ਤੇ ਉਪਲਬੱਧ ਹੈ, ਅਨੁਸਾਰ ਹੀ ਸੰਪਤੀ ਸਾਰਣੀ ਬਣਾ ਕੇ ਇਸ ਦਫ਼ਤਰ ਨੂੰ ਭੇਜੀ ਜਾਵੇ।

ਸਾਲ 2019-20 ਦੀਆਂ ਸੰਪਤੀ ਸਾਰਣੀ ਭੇਜਣ ਸਮੇਂ ਮੁੱਖ ਇੰਜ:/ਐਚ.ਆਰ ਅਤੇ ਡੀ, ਪੰ:ਰਾ:ਪਾ:ਕਾ:ਲਿ: ਦੇ ਮੀਮੋ ਨੰ: 798/1459 ਮਿਤੀ 16.01.18 ਨਾਲ ਜਾਰੀ ਹਦਾਇਤਾਂ ਨੂੰ ਧਿਆਨ ਵਿਚ ਰੱਖਦੇ ਹੋਏ ਅਤੇ ਕੋਵਿਡ-19 ਦੀ ਮਹਾਂਮਾਰੀ ਦੇ ਕਾਰਣ ਮਿਤੀ 30.06.2020 ਤੱਕ ਹਰ ਹਾਲਤ ਵਿਚ ਇਸ ਦਫ਼ਤਰ ਨੂੰ ਭੇਜੀਆਂ ਜਾਣ ਜੀ।

ਉਪਰੋਕਤ ਜਾਰੀ ਹਦਾਇਤਾਂ ਸਬੰਧੀ ਆਪਜੀ ਅਧੀਨ ਕੰਮ ਕਰਦੇ ਸਮੂਹ ਗਜ਼ਟਿਡ ਅਧਿਕਾਰੀਆਂ/ਕਰਮਚਾਰੀਆਂ ਨੂੰ ਜਾਣੂ ਕਰਵਾ ਦਿੱਤਾ ਜਾਵੇ ਜੀ।

-ਸਹੀ-

ਉਪ ਮੁੱਖ ਇੰਜ:/ਐਚ.ਆਰ ਅਤੇ ਪ੍ਰਬੰਧਕੀ
ਪੀ.ਐਸ.ਟੀ.ਸੀ.ਐਲ., ਪਟਿਆਲਾ।

ਪਿੱਠ ਅੰਕਣ ਨੰ: 455/56 ਮਿਤੀ: 28/5/2020

ਉਪਰੋਕਤ ਦਾ ਉਤਾਰਾ ਹੇਠ ਲਿਖੇ ਦਫ਼ਤਰਾਂ ਨੂੰ ਸੂਚਨਾ ਅਤੇ ਅਗਲੇਰੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:

1. ਸਕੱਤਰ, ਬੀ.ਬੀ.ਐਮ.ਬੀ, ਮੱਧਿਆ ਮਾਰਗ, ਸੈਕਟਰ-19, ਚੰਡੀਗੜ੍ਹ।
2. ਸੀਨੀ.ਕਾ.ਕਾ.ਇੰਜ:/ਆਈ.ਟੀ, ਪੀ.ਐਸ.ਟੀ.ਸੀ.ਐਲ.,ਪਟਿਆਲਾ ਨੂੰ ਪੱਤਰ ਸਮੇਤ ਪ੍ਰਫਾਰਮਾ ਪੀ.ਐਸ.ਟੀ.ਸੀ.ਐਲ ਦੀ ਵੈਬਸਾਈਟ ਤੇ ਅਪਲੋਡ ਕਰਨ ਲਈ ਭੇਜਿਆ ਜਾਂਦਾ ਹੈ।

ਉਪ ਮੁੱਖ ਇੰਜ:/ਐਚ.ਆਰ ਅਤੇ ਪ੍ਰਬੰਧਕੀ
ਪੀ.ਐਸ.ਟੀ.ਸੀ.ਐਲ., ਪਟਿਆਲਾ।